ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸਨ ਪਾਲਿਸੀ ਅਤੇ ਤਾਲਮੇਲ ਸਾਖਾ)

ਸੇਵਾ ਵਿਖੇ,

ਮਹਾਲੇਖਾਕਾਰ,ਪੰਜਾਬ(ਏ ਐਂਡ ਈ),
ਸੈਕਟਰ 17, ਚੰਡੀਗੜ੍ਹ।

ਮੀਮੋ ਨੰ: 1/43/2004 -1ਵਿਪਪਤ/75
ਮਿਤੀ:ਚੰਡੀਗੜ੍ਹ: 14/1/14

Subject: Revision of Pension of Pre 01.01.2006 pensioners/family pensioners in respect of Judicial Officers of Punjab

ਉਪਰੋਕਤ ਵਿਸੇ ਤੇ ਆਪ ਦੇ ਦਫਤਰ ਦੇ ਪੱਤਰ ਨੰ: Sai Pen-2/Judicial Officers/2013-14/2589 dated 29.10.2013 ਦੇ ਸਬੰਧ ਵਿੱਚ।

2. ਇਸ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ( ਅਦਾਲਤੀ-1 ਸ਼ਾਖਾ) ਵੱਲੋਂ ਜਾਰੀ ਪੱਤਰ ਨੰ: 4/82/2009-3JUDL(1)/3336 ਮਿਤੀ 15.12.2011 ਦੇ ਪੈਰਾ 1(V) ਅਨੁਸਾਰ ਹੇਠ ਲਿਖੇ ਉਪਬੰਧ ਕੀਤੇ ਗਏ ਹਨ:

(V) For the purpose of earning full penison, the qualifying service of the Judicial Officers stands reduced from 33 years to 20 years w.e.f. 2.9.2008, the date on which the Central government issued the notification.

ਉਪਰੋਕਤ ਤੋਂ ਸਪੱਸ਼ਟ ਹੈ ਕਿ ਪੂਰੀ ਪੈਨਸ਼ਨ ਤਾਂ ਹੀ ਦੇਣੀ ਹੈ ਜੇਕਰ ਮੁਕੰਮਲ ਪੈਨਸ਼ਨ ਦੇਣ ਲਈ ਨਿਰਧਾਰਿਤ ਘੱਟ ਤੋਂ ਘੱਟ ਕੁਆਲੀਫਾਇੰਗ ਸਰਵਿਸ ਪੂਰੀ ਹੁੰਦੀ ਹੋਵੇ। ਜੇਕਰ ਕਿਸੇ ਅਧਿਕਾਰੀ ਦੀ ਵਾਸਤਵ ਕੁਆਲੀਫਾਇੰਗ ਸੇਵਾ ਪੂਰੀ ਪੈਨਸ਼ਨ ਦੀ ਹੱਕਦਾਰੀ ਲਈ ਨਿਰਧਾਰਿਤ ਘੱਟੋ ਘੱਟ ਕੁਆਲੀਫਾਇੰਗ ਸੇਵਾ ਤੋਂ ਘੱਟ ਹੋਵੇ ਤਾਂ ਅਜਿਹੇ ਕੇਸਾਂ ਵਿਚ ਪੈਨਸ਼ਨ pro rata basis ਤੇ ਘਟਾ ਕੇ ਹੀ ਦੇਣੀ ਬਣਦੀ ਹੈ।

ਉਪਰੋਕਤ ਪੱਤਰ ਦੇ ਪੈਰਾ ਨੰ: 9 ਵਿਚ ਹੇਠ ਅਨੁਸਾਰ ਉਪਬੰਧ ਕੀਤੇ ਗਏ ਹਨ:

(9) For facility of reference a table showing the minimum of the pension/family pension in the revised pay scale as on 1.1.2006 as depicted in Annexure A.

ਉਪਰੋਕਤ ਟੇਬਲ ਮੁਕੰਮਲ ਪੈਨਸ਼ਨ ਦੀ ਹੱਕਦਾਰੀ ਲਈ ਨਿਰਧਾਰਿਤ ਘੱਟੋ ਘੱਟ ਕੁਆਲੀਫਾਇੰਗ ਸਰਵਿਸ ਪੂਰੀ ਕਰਨ ਤੇ ਪੂਰੀ ਪੈਨਸ਼ਨ ਨੂੰ ਆਧਾਰ ਮੰਨ ਕੇ ਬਣਾਇਆ ਗਿਆ ਹੈ।

Contd..

(50)

ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਪੱਤਰ ਨੰ: 3/39/09-3ਵਿਪਪਤ/201 ਮਿਤੀ 22.02.2010 ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਤੇ ਲਾਗੂ ਹੁੰਦਾ ਹੈ, ਦੇ ਪੈਰਾ ਨੰ: 1 ਵਿਚ ਵੀ ਅਜਿਹੇ ਕੇਸਾਂ ਨੂੰ ਨਜਿੱਠਣ ਲਈ ਹੇਠ ਲਿਖੇ ਅਨੁਸਾਰ ਉਪਬੰਧ ਕੀਤੇ ਗਏ ਹਨ:

"... the benefit of fixation of revised pension envisaged in para 4.2 of the aforesaid letter will be subject to the condition that full pension, in no case shall be less than 50% of the initial pay shown in column 8 of the schedule of the Punjab Civil Services (Revised Pay) Rules, 2009, against relevant Pay Band and Grade Pay corresponding to the pre-revised scale of pay in which the pensioner had last worked. However, such pension will be suitably reduced pro-rata, where the qualifying service of the person falls short of 33 years."

ਉਪਰੋਕਤ ਅਨੁਸਾਰ ਆਪ ਜੀ ਨੂੰ ਸਪੱਸਟ ਕੀਤਾ ਜਾਂਦਾ ਹੈ ਕਿ ਜਿਹੜੇ ਜੁਡੀਸ਼ੀਅਲ ਅਫਸਰਾਂ ਦੀ ਵਾਸਤਵ ਕੁਆਲੀਫਾਇੰਗ ਸੇਵਾ ਮੁਕੰਮਲ ਪੈਨਸ਼ਨ ਲਈ ਨਿਰਧਾਰਿਤ ਘੱਟੋ ਘੱਟ ਕੁਆਲੀਫਾਇੰਗ ਸੇਵਾ ਤੋਂ ਘੱਟ ਹੈ, ਉਨ੍ਹਾਂ ਕੇਸਾਂ ਵਿਚ ਪੈਨਸ਼ਨ pro-rata basis ਤੇ ਘਟਾ ਕੇ ਹੀ ਦੇਣੀ ਬਣਦੀ ਹੈ।

ਸੰਯੁਕਤ ਸਕੱਤਰ ਵਿੱਤ

ਪਿੱਠ ਅੰਕਨ ਨੰ: 1/43/2004 -1ਵਿਪਪਤ/ ਮਿਤੀ:

ਇੱਕ ਉਤਾਰਾ ਪ੍ਰਮੁਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਤੇ ਨਿਆਂ ਵਿਭਾਗ, ਪੰਜਾਬ (ਅਦਾਲਤੀ -1 ਸਾਖਾ) ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਵਿੱਤ